# ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰਾਜੈਕਟ ਡਾਇਰੈਕਟਰ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਜ਼-8, ਅਜੀਤਗੜ੍ਹ।

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.),(ਨੋਟਿਸ ਬੋਰਡ ਰਾਹੀਂ)
ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ,
ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ),
ਪੰਜਾਬ।

ਮੀਮੋ ਨੰ : ਸਸਅ/ਐਮਸੀ/ 2015/028
ਮਿਤੀ : 16-01-2015

ਵਿਸ਼ਾ :- **Visit of School Students (6-8 Class) under Punjab Government Grant.**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਸਾਇੰਸ ਵਿਸ਼ੇ ਵਿੱਚ ਵਿਦਿਆਰਥੀਆਂ ਦੀ ਰੁਚੀ ਵਧਾਉਣ ਅਤੇ ਉਹਨਾਂ ਵਿੱਚ ਵਿਗਿਆਨਿਕ ਸੋਚ ਪੈਦਾ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ, ਜਿਸ ਦੀ ਲੜੀ ਵੱਜੋਂ ਪੰਜਾਬ ਸਰਕਾਰ ਵੱਲੋਂ ਰਾਜ ਦੇ ਸਰਕਾਰੀ ਸਕੂਲਾਂ ਦੇ ਛੇਵੀਂ ਤੋਂ ਅਠੱਵੀਂ ਤੱਕ ਦੇ ਵਿਦਿਆਰਥੀਆਂ ਨੂੰ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਉਣ ਲਈ ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ ਨੂੰ ਗ੍ਰਾਂਟ ਜਾਰੀ ਕੀਤੀ ਹੈ ਜਿਸ ਅਨੁਸਾਰ 5 ਫਰਵਰੀ 2015 ਤੋਂ 13 ਫਰਵਰੀ 2015 ਤੱਕ ਨਿਮਨ ਜ਼ਿਲ੍ਹਿਆਂ ਦੇ ਹੇਠ ਲਿਖੇ ਅਨੁਸਾਰ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਈ ਜਾਵੇ :

| ਲੜੀ ਨੰ. | ਜ਼ਿਲ੍ਹਾ | ਵਿਦਿਆਰਥੀਆਂ ਦੀ ਗਿਣਤੀ | Tentative Date | ਲੜੀ ਨੰ. | ਜ਼ਿਲ੍ਹਾ | ਵਿਦਿਆਰਥੀਆਂ ਦੀ ਗਿਣਤੀ | Tentative Date |
|---|---|---|---|---|---|---|---|
| 1 | ਅੰਮ੍ਰਿਤਸਰ | 800 | 05/02/15 | 12 | ਲੁਧਿਆਣਾ | 800 | 12/02/15 |
| 2 | ਬਰਨਾਲਾ | 400 | 06/02/15 | 13 | ਮਾਨਸਾ | 400 | 09/02/15 |
| 3 | ਬਠਿੰਡਾ | 500 | 06/02/15 | 14 | ਮੋਗਾ | 400 | 12/02/15 |
| 4 | ਫਰੀਦਕੋਟ | 400 | 06/02/15 | 15 | ਮੁਕਤਸਰ | 400 | 13/02/15 |
| 5 | ਫਤਿਹਗੜ੍ਹ ਸਾਹਿਬ | 400 | 07/02/15 | 16 | ਸ਼ਹੀਦ ਭਗਤ ਸਿੰਘ ਨਗਰ | 400 | 12/02/15 |
| 6 | ਫਾਜਿਲਕਾ | 400 | 09/02/15 | 17 | ਪਠਾਨਕੋਟ | 400 | 10/02/15 |
| 7 | ਫਿਰੋਜ਼ਪੁਰ | 400 | 09/02/15 | 18 | ਪਟਿਆਲਾ | 800 | 13/02/15 |
| 8 | ਗੁਰਦਾਸਪੁਰ | 400 | 10/02/15 | 19 | ਰੂਪਨਗਰ | 400 | 07/02/15 |
| 9 | ਹੁਸ਼ਿਆਰਪੁਰ | 500 | 10/02/15 | 20 | ਸੰਗਰੂਰ | 800 | 12/02/15 |
| 10 | ਜਲੰਧਰ | 800 | 11/02/15 | 21 | ਐਸ.ਏ.ਐਸ. ਨਗਰ | 500 | 07/02/15 |
| 11 | ਕਪੂਰਥਲਾ | 500 | 11/02/15 | 22 | ਤਰਨ-ਤਾਰਨ | 400 | 05/02/15 |

3.0 ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਇਹ ਯਕੀਨੀ ਬਣਾਉਣ ਕਿ ਕਿਸੇ ਵੀ ਸੂਰਤ ਵਿੱਚ ਉਹਨਾਂ ਦੇ ਜ਼ਿਲ੍ਹਿਆਂ ਦੇ ਵਿਦਿਆਰਥੀਆਂ ਦੀ ਗਿਣਤੀ ਉੱਕਤ ਗਿਣਤੀ ਤੋਂ ਵੱਧ ਨਾ ਹੋਵੇ ਅਤੇ ਇਹ ਵਿਜ਼ਿਟ ਹਰ ਹਾਲਤ ਵਿੱਚ ਦਰਸਾਈ ਗਈਆਂ ਮਿਤੀਆਂ ਵਿੱਚ ਮੁਕੰਮਲ ਕਰਵਾ ਲਈ ਜਾਵੇ।

4.0 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਾਇੰਸ ਸਿਟੀ, ਕਪੂਰਥਲਾ ਦੀ ਵਿਜ਼ਿਟ ਕਰਵਾਉਣ ਲਈ ਪ੍ਰਾਪਤ ਹੋਈ ਗ੍ਰਾਂਟ ਸਬੰਧੀ ਵੇਰਵੇ ਇਸ ਤਰ੍ਹਾਂ ਹੈ :-

4.1) <u>The Scheme :-</u> ਪੰਜਾਬ ਸਰਕਾਰ ਵੱਲੋਂ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਨੂੰ ਪੰਜਾਬ ਦੇ ਹਰੇਕ ਸਕੂਲ ਨਾਲ ਸਬੰਧਤ ਵਿਦਿਆਰਥੀਆਂ ਨੂੰ ਵਿਜ਼ਿਟ ਕਰਵਾਉਣ ਲਈ ਗ੍ਰਾਂਟ ਮੁੱਹਈਆ ਕਰਵਾਈ ਗਈ ਹੈ। ਇਸ ਗ੍ਰਾਂਟ ਵਿੱਚੋਂ ਸਾਇੰਸ ਸਿਟੀ ਵੱਲੋਂ ਨਿਮਨ ਸਹੂਲਤਾਂ ਦਿੱਤੀਆ ਜਾਣੀਆਂ ਹਨ:-

- **<u>ਐਂਟਰੀ ਟਿਕਟ</u>** :- ਪੁਸ਼ਪਾ ਗੁਜਰਾਲ ਸਾਇੰਸ ਸਿਟੀ ਵੱਲੋਂ ਫਰੀ ਐਂਟਰੀ ਟਿਕਟ ਦਿੱਤੀ ਜਾਵੇਗੀ।25 ਵਿਦਿਆਰਥੀਆਂ ਪਿੱਛੇ ਇੱਕ ਅਧਿਆਪਕ ਦੀ ਐਂਟਰੀ ਫਰੀ ਹੋਵੇਗੀ।
- **<u>ਖਾਣਾ ਅਤੇ ਰਿਫੈਰਸਮੈਂਟ</u>** :- ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਦੁਪਹਿਰ ਦਾ ਖਾਣਾ ਫਰੀ ਦਿੱਤਾ ਜਾਵੇਗਾ।
- **<u>ਟ੍ਰਾਂਸਪੋਰਟੇਸ਼ਨ ਚਾਰਜ</u>** :-ਨਿਮਨ ਅਨੁਸਾਰ ਟ੍ਰਾਂਸਪੋਰਟੇਸ਼ਨ ਦੇ ਖਰਚੇ ਦੀ ਅਦਾਇਗੀ ਕੀਤੀ ਜਾਵੇਗੀ, ਜਿਸ ਲਈ ਸਾਇੰਸ ਸਿਟੀ ਦੀ ਵਿਜ਼ਿਟ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਗਿਣਤੀ ਅਨੁਸਾਰ ਸਕੂਲ ਅਤੇ ਸਾਇੰਸ ਸਿਟੀ ਵਿਚਕਾਰ ਆਉਣ-ਜਾਣ ਦੀ ਦੂਰੀ ਦਾ ਰੁ 0.87 ਪ੍ਰਤੀ ਕਿਲੋਮੀਟਰ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਟੂਲ ਚਾਰਜ, ਅਸਲ ਟੂਲ ਚਾਰਜ ਦੀ ਰਸੀਦ ਤੇ ਭੁਗਤਾਨ ਕੀਤਾ ਜਾਵੇਗਾ।ਇਸ ਤੋਂ ਇਲਾਵਾ ਕੋਈ ਹੋਰ ਖਰਚਾ ਸਾਇੰਸ ਸਿਟੀ ਵੱਲੋਂ ਨਹੀਂ ਦਿੱਤਾ ਜਾਵੇਗਾ।

4.2) <u>Document required:-</u> ਹਰੇਕ ਸਕੂਲ ਵੱਲੋਂ ਸਾਇੰਸ ਸਿਟੀ, ਕਪੂਰਥਲਾ ਦੀ ਇੱਕ ਰੋਜ਼ਾ ਵਿਜ਼ਿਟ ਵਾਲੇ ਦਿਨ ਨਿਮਨ ਦਸਤਾਵੇਜ਼ ਸਾਇੰਸ ਸਿਟੀ, ਕਪੂਰਥਲਾ ਦੇ information booth ਤੇ ਜਮ੍ਹਾਂ ਕਰਵਾਣੇ ਪੈਣਗੇ।

- ਸਕੂਲ ਦੇ ਪ੍ਰਿੰਸੀਪਲ/ ਹੈਡ ਮਾਸਟਰ/ ਹੈਡ ਮਿਸਟ੍ਰੈਸ ਵੱਲੋਂ ਸਾਇੰਸ ਸਿਟੀ ਦੀ ਵਿਜ਼ਿਟ ਕਰਨ ਵਾਲੇ ਵਿਦਿਆਰਥੀਆਂ ਦੀ ਕੁੱਲ ਗਿਣਤੀ ਤਸਦੀਕ ਕੀਤੀ ਜਾਵੇ। ਇਸ ਸਬੰਧੀ ਪ੍ਰੋਫਾਰਮਾ Annexure:III ਤੇ ਨੱਥੀ ਹੈ।
- ਸਕੂਲ ਅਤੇ ਸਾਇੰਸ ਸਿਟੀ ਵਿਚਕਾਰ ਦੂਰੀ ਦਾ ਸਰਟੀਫਿਕੇਟ/ਪ੍ਰੋਫਾਰਮਾ Annexure:II ਤੇ ਨੱਥੀ ਹੈ।
- ਟ੍ਰਾਂਸਪੋਰਟੇਸ਼ਨ ਬਿਲ ਦੀ ਅਦਾਇਗੀ ਦੀ Reimbursement ਲਈ ਰਸੀਦ ਦਾ ਪ੍ਰੋਫਾਰਮਾ Annexure:II ਤੇ ਨੱਥੀ ਹੈ।

4.3) <u>Contact</u> :- ਵਿਜ਼ਿਟ ਕਰਨ ਵਾਲੇ ਸਕੂਲਾਂ ਦੇ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵਿਦਿਆਰਥੀਆਂ ਦੀ ਗਿਣਤੀ ਅਤੇ ਵਿਜ਼ਿਟ ਕਰਨ ਦੀ ਮਿਤੀ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦੇ ਨਿਮਨ ਨੰਬਰਾਂ ਤੇ ਸਪੰਰਕ ਕਰਕੇ ਅਗਾਂਊ ਸੂਚਿਤ ਕੀਤਾ ਜਾਵੇ, ਤਾਂ ਜੋ ਪ੍ਰਬੰਧ ਵਿੱਚ ਕੋਈ ਮੁਸ਼ਕਿਲ ਨਾ ਆਵੇ।ਵਧੇਰੇ ਜਾਣਕਾਰੀ ਲਈ ਅਤੇ ਵਿਦਿਆਰਥੀਆਂ ਨੂੰ ਵਿਜ਼ਿਟ ਕਰਵਾਉਣ ਲਈ ਦਿੱਤੀ ਗਈ ਮਿਤੀ ਬਾਰੇ ਅਗਾਂਊ ਜਾਣਕਾਰੀ ਦੇਣ ਲਈ ਹੇਠ ਲਿਖਿਆ ਨੂੰ contact ਕੀਤਾ ਜਾ ਸਕਦਾ ਹੈ:-

- ਸ਼੍ਰੀ ਅਸ਼ਨੀ ਕੁਮਾਰ, ਅਸਿਸਟੈਂਟ ਮੈਨੇਜਰ (ਮਾਰਕਟਿੰਗ), 9888056954, ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਚੰਡੀਗੜ੍ਹ।
- ਸ਼੍ਰੀ ਮਨਮੋਹਨ ਸਿੰਘ, ਅਸਿਸਟੈਂਟ ਮੈਨੇਜਰ (ਇਸਟੇਟ), 9815553247, ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ।
- ਡਾ. ਮੁਨਿਸ਼ ਸੋਇਨ, ਮੈਨੇਜਰ (ਇਸਟੇਟ), 8146580387, ਪੁਸ਼ਪਾ ਗੁਜਰਾਲ ਸਾਇੰਸ ਸਿਟੀ, ਕਪੂਰਥਲਾ।

5.0 ਉਪਰੋਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ